ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਈ-ਬਲਾਕ, 5ਵੀਂ ਮੰਜ਼ਿਲ, ਮੋਹਾਲੀ (ਅਜੀਤਗੜ੍ਹ)

ਵੱਲ :

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ)
2. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ,ਪੰਜਾਬ।
3. ਸਮੂਹ ਸ.ਹ.ਸ/ਸ.ਸ.ਸ.ਸ ਸਕੂਲਾਂ ਦੇ ਮੁੱਖੀ।

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2015/ 12462
ਮਿਤੀ 3/8/2015

ਵਿਸ਼ਾ :ਸਮੂਹ ਸਰਕਾਰੀ ਹਾਈ/ਸਸਸਸ ਸਕੂਲਾਂ ਦੇ ਸਕੂਲ ਮੁੱਖੀਆਂ ਦੀ ਐਜੂਸੈਟ ਰਾਹੀਂ ਇੱਕ ਰੋਜ਼ਾ ਟਰੇਨਿੰਗ ਵਰਕਸ਼ਾਪ ਸੰਬੰਧੀ।

1. ਉਕਤ ਵਿਸ਼ੇ ਸੰਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਰਮਸਅ ਤਹਿਤ ਅਧਿਆਪਕਾਂ ਦੀ ਟੀਚਰ ਟਰੇਨਿੰਗ ਸਬੰਧੀ ਸਮੂਹ ਸਰਕਾਰੀ ਹਾਈ/ਸਸਸਸ ਸਕੂਲਾਂ ਦੇ ਸਕੂਲ ਮੁੱਖੀਆਂ ਦੀ ਐਜੂਸੈਟ ਰਾਹੀਂ ਓਰੀਐਂਟੇਸ਼ਨ ਵਰਕਸ਼ਾਪ ਹੇਠ ਦਰਸਾਏ ਸ਼ਡਿਊਲ ਅਨੁਸਾਰ ਰੱਖੀ ਗਈ ਹੈ ਜੀ।

| | |
|---|---|
| ਮਿਤੀ | 06 ਅਗਸਤ 2015 |
| ਸਮਾਂ | ਬਾਅਦ ਦੁਪਿਹਰ 2:05 ਵਜੇ ਤੋਂ |
| ਸਥਾਨ | ਸੰਬੰਧਤ ਐਜੂਸੈਟ ਜਿਲ੍ਹਾ ਕੋਆਰਡੀਨੇਟਰ ਵੱਲੋ ਨਿਸ਼ਚਿਤ ਕੀਤੇ ਐਜੂਸੈਟ 'ਤੇ **ROT** ਕੇਂਦਰ ਵਾਲੇ ਸਕੂਲ। |

2. ਸੰਬੰਧਤ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਵੱਲੋਂ ਜਿਲ੍ਹੇ ਦੇ ਸਕੂਲ ਮੁੱਖੀਆਂ ਦੀ ਗਿਣਤੀ ਅਨੁਸਾਰ RTO ਕੇਂਦਰਾਂ ਦੀ ਚੋਣ ਕੀਤੀ ਜਾਵੇਗੀ ਅਤੇ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਇੱਕ ROT ਕੇਂਦਰ ਵਿਖੇ 25-30 ਸਕੂਲ ਮੁੱਖੀਆਂ ਦੇ ਬੈਠਣ ਦਾ ਵਧੀਆ ਪ੍ਰਬੰਧ ਹੋਵੇ।

3. ਹਰੇਕ ਕੇਂਦਰ ਵਿਖੇ ਸੰਬੰਧਤ ਸਕੂਲ ਦਾ ਮੁੱਖੀ ਟਰੇਨਿੰਗ ਵਿੱਚ ਸ਼ਮੂਲੀਅਤ ਕਰਨ ਵਾਲੇ ਮੁੱਖੀਆਂ ਲਈ ਪੀਣ ਵਾਲੇ ਪਾਣੀ ਦਾ ਅਤੇ ਟਰੇਨਿੰਗ ਸਮਾਪਤ ਹੋਣ ਤੋਂ ਬਾਅਦ 20 ਮਿੰਟ ਫੀਡ-ਬੈਕ/ਵਿਚਾਰ ਚਰਚਾ ਸੈਸ਼ਨ ਦੌਰਾਨ ਚਾਹ ਦਾ ਪ੍ਰਬੰਧ ਵੀ ਕਰਵਾਇਆ ਜਾਵੇਗਾ।ਚਾਹ ਦੇ ਖਰਚੇ ਦੀ ਅਦਾਇਗੀ ਬਿੱਲਾਂ ਦੀ ਰਸੀਦ ਮੁਤਾਬਕ ਸੰਬੰਧਤ ਪ੍ਰਿੰਸੀਪਲ ਡਾਇਟ ਵੱਲੋਂ ਰਮਸਅ ਦੇ ਟੀਚਰ ਟਰੇਨਿਗ ਫੰਡ ਵਿੱਚੋਂ ਜ਼ਿਲ੍ਹਾ ਐਜੂਸੈਟ ਕੋਆਰਡੀਨੇਟਰ ਰਾਹੀਂ ਕੀਤੀ ਜਾਵੇਗੀ।

4. ਸੰਬੰਧਤ ਜਿ.ਸਿੱ.ਅ. ਵੱਲੋਂ ਸਮੂਹ ਸਕੂਲ ਮੁੱਖੀਆਂ ਨੂੰ ਇਸ ਟਰੇਨਿੰਗ ਵਰਕਸ਼ਾਪ ਵਿੱਚ ਨਿੱਜੀ ਪੱਧਰ 'ਤੇ ਸ਼ਮੂਲੀਅਤ ਕਰਨ ਦੀ ਹਦਾਇਤ ਕੀਤੀ ਜਾਵੇ ਜੀ।

5. ਜ਼ਿਲ੍ਹਾ ਐਜੂਸੈਟ ਕੋਆਰਡੀਨੇਟਰਾਂ ਵੱਲੋਂ ਇਸ ਟਰੇਨਿੰਗ ਵਿੱਚ ਭਾਗ ਲੈਣ ਵਾਲੇ ਸਕੂਲ ਮੁੱਖੀਆਂ ਦੀ ਗਿਣਤੀ ਦੇ ਵੇਰਵੇ ਅਤੇ ਫੀਡ-ਬੈਕ ਰਿਪੋਰਟ ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਤੋਂ ਤਸਦੀਕ ਕਰਵਾ ਕੇ ਸਿੱਧੇ ਤੌਰ 'ਤੇ ਮੁੱਖ ਦਫ਼ਤਰ ਰਮਸਅ ਅਤੇ ਇੱਕ ਕਾਪੀ ਸੰਬੰਧਤ ਪ੍ਰਿੰਸੀਪਲ ਡਾਇਟ ਕੋਲ ਜਮ੍ਹਾ ਕਰਵਾਈ ਜਾਵੇਗੀ।

6. ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ

ਡਿਪਟੀ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਪਿੱਠ ਅੰਕਣ ਨੰ: ਏ.ਐਸ.ਪੀ.ਡੀ./ਰਮਸਅ/2015/ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ :

1. ਡਾਇਰੈਕਟਰ ਐਸ.ਸੀ.ਈ.ਆਰ.ਟੀ.
2. ਡਿਪਟੀ ਐਸ.ਪੀ.ਡੀ.(ਐਜੂਸੈਟ)
3. ਸਮੂਹ ਪ੍ਰਿੰਸੀਪਲ ਡਾਇਟ,ਪੰਜਾਬ।
4. ਡੀ.ਐਮ.,ਐਮ.ਆਈ.ਐਸ.ਨੂੰ ਨੋਟਿਸ ਬੋਰਡ ਤੇ ਪਾਉਣ ਹਿੱਤ

ਡਿਪਟੀ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ